ਸਾਰੀਆਂ ਸੰਸਥਾਵਾਂ ਦੇ ਪ੍ਰਿੰਸੀਪਲਾਂਨੂੰ ਸੈਸ਼ਨ 2020-21 ਦਾ ਦਾਖਲਾ ਕਰਨ ਸਬੰਧੀ ਇਹ ਜਰੂਰੀ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿਪੀ.ਐਨ.ਆਰ.ਸੀ ਦੇ Admission Online Portal ਤੇ ਜਾਣ-ਬੁੱਝ ਕੇ ineligible ਵਿਦਿਆਰਥੀਆਂ ਦਾ ਦਾਖਲਾ ਕਰਨ ਲਈ ਗਲਤ ਜਨਮ ਮਿਤੀ, ਆਧਾਰ ਨੰਬਰ, ਪਿਤਾ / ਮਾਤਾ ਦਾ ਨਾਮ ਜਾਂ ਹੋਰ particulars ਗਲਤ ਐਂਟਰੀ ਕਰ ਦਿੱਤੇ ਜਾਂਦੇ ਹਨ ਤਾਂ ਕਿ ਆਨ-ਲਾਈਨ ਪੋਰਟਲ ਇਸ ਨੂੰ accept ਕਰ ਲਵੇ।

ਜੇਕਰ ਕਿਸੇ ਵੀ ਸੰਸਥਾਂ ਵੱਲੋਂ ਅਜਿਹੀ ਗਲਤੀ ਕੀਤੀ ਜਾਂਦੀ ਹੈ ਤਾਂ ਬਿਨ੍ਹਾਂ ਕੋਈ ਸਮਾਂ ਦਿੱਤੇ ਉਸ ਸੰਸਥਾਂ ਦੇ ਪ੍ਰਿੰਸੀਪਲ ਦੀ ਰਜਿਸਟ੍ਰੇਸ਼ਨ ਤੁਰੰਤ ਰੱਦ ਕਰ ਦਿੱਤੀ ਜਾਵੇਗੀ ਅਤੇ ਸੰਸਥਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਇਥੇ ਇਹ ਵੀ ਦਰਸਾਇਆ ਜਾਂਦਾ ਹੈ ਕਿ ਜੇਕਰ ਕਿਸੇ ਸੰਸਥਾਂ ਦੇ ਫਾਰਮਾਂ ਨਾਲ ਵਿਦਿਆਰਥੀ ਦੇ ਨੱਥੀ ਦਸਤਾਵੇਜ਼ ਨਾ ਪੜਨ ਯੋਗ ਹੋਏ ਤਾਂ ਉਸ ਵਿਦਿਆਰਥੀ ਦਾ ਦਾਖਲਾ ਉਸੇ ਸਮੇਂ ਰੱਦ ਕੀਤਾ ਜਾਵੇਗਾ ਅਤੇ ਬਾਰ-ਬਾਰ ਕਿਸੇ ਤਰ੍ਹਾਂ ਦੇ ਕਾਗਜ ਦੀ ਮੰਗ ਨਹੀ ਕੀਤੀ ਜਾਵੇਗੀ। ਵਿਦਿਆਰਥੀ ਦੇ ਦਸਤਾਵੇਜ਼ ਚੰਗੀ ਤਰ੍ਹਾਂ ਘੋਖ ਕੇ ਹੀ ਨੱਥੀ ਕੀਤੇ ਜਾਣ।